6

# ਯਿਸੂ: ਜ਼ਿੰਦਾ ਸੁਰਗ ਵਿਚ

## (ਸੌਲੁਸ/ਪੌਲੁਸ ਦੀ ਗਵਾਹੀ)

ਗਿਆਰ੍ਹਾਂ ਰਸੂਲਾਂ ਨੂੰ ਜੀ ਉੱਠੇ ਮਸੀਹ ਨੇ ''ਉਨ੍ਹਾਂ ਦੀ ਬੇਪਰਤੀਤੀ ਅਤੇ ਸਖ਼ਤ ਦਿਲੀ'' (ਮਰਕੁਸ 16:14) ਕਰਕੇ ਇਕ-ਇਕ ਨੂੰ ਡਾਂਟਿਆ ਸੀ। ਪਰ ਉਹਦੇ ਨਾਲ ਉਨ੍ਹਾਂ ਵਿਚ ਅਚਾਨਕ ਇਕ ਤਬਦੀਲੀ ਆ ਗਈ ਸੀ। ਉਨ੍ਹਾਂ ਨੂੰ ਪੱਕਾ ਯਕੀਨ ਸੀ ਕਿ ਯਿਸੂ ਦੀ ਲਾਸ਼ ਚੱਲਦੀ ਅਤੇ ਗੱਲਾਂ ਕਰਦੀ ਹੈ ਜਿਵੇਂ ਉਹ ਸਚਮੁਚ ਜ਼ਿੰਦਾ ਹੋਵੇ ਅਤੇ ਆਪਣੇ ਇਸ ਨਵੇਂ ਵਿਸ਼ਵਾਸ ਦੇ ਕਾਰਣ ਉਹ ਸ਼ਹੀਦ ਹੋ ਗਏ ਸਨ।

ਉਨ੍ਹਾਂ ਦੇ ਨਾਲ ''ਇਕ ਅਧੂਰਾ ਜੰਮ'' (1 ਕੁਰਿੰਥੀਆਂ 15:8) ਵੀ ਹੈ ਜੋ ਮਸੀਹ ਦਾ ਨਾਂ ਧਾਰਣ ਕੀਤੇ ਕਿਸੇ ਨੂੰ ਵੀ ਬਹੁਤ ਸਤਾਉਂਦਾ, ਧਮਕਾਉਂਦਾ ਅਤੇ ਉਹਦਾ ਕਤਲ ਤਕ ਕਰ ਦਿੰਦਾ ਸੀ (ਰਸੂਲਾਂ ਦੇ ਕੰਮ 8:1; 9:1, 2; 22:4, 5; 26:9-11)। ਪੌਲੁਸ ਨੇ ਯਿਸੂ ਨੂੰ ਜੀ ਉੱਠਣ ਦੇ ਚਾਲੀ ਦਿਨਾਂ ਦੌਰਾਨ ਨਹੀਂ ਵੇਖਿਆ, ਪਰ ਇਕ ਰਿਪੋਰਟ ਉਹਨੂੰ ਦਿੱਤੀ ਸੀ ਜਿਸ 'ਤੇ ਉਹ ਯਕੀਨ ਨਹੀਂ ਸੀ ਕਰਦਾ ਕਿ ਇਕ ਲਾਸ਼ ਜ਼ਿੰਦਾ ਹੋ ਗਈ। ਉਹਦਾ ਦਾਅਵਾ ਸੀ ਕਿ ਉਹਨੇ ਯਿਸੂ ਨੂੰ ਅਕਾਸ਼ ਵਿਚ ਅੰਨ੍ਹਾ ਕਰਨ ਦੇਣ ਵਾਲੀ ਰੌਸ਼ਨੀ ਵਿਚ ਵੇਖਿਆ ਅਤੇ ਉਹਨੂੰ ਗੱਲਾਂ ਕਰਦੇ ਸੁਣਿਆ (ਰਸੂਲਾਂ ਦੇ ਕੰਮ 9:3-6; 22:6-11; 26:13-18)।

ਜੇ ਪੌਲੁਸ ਨੇ ਸਚਮੁੱਚ ਯਿਸੂ ਨੂੰ ਵੇਖਿਆ ਅਤੇ ਗੱਲਾਂ ਕਰਦੇ ਸੁਣਿਆ ਸੀ ਤਾਂ ਯਿਸੂ ਮੁਰਦਾ ਨਹੀਂ ਸੀ ਭਾਵ ਉਹ ਕਬਰ ਵਿੱਚੋਂ ਜੀ ਉੱਠ ਕੇ ਸੁਰਗ ਵਿਚ ਜਾ ਚੁੱਕਾ ਸੀ। ਜੇ ਕਥਿਤ ਸੁਰਗੀ ਦਰਸ਼ਨ ਨੂੰ ਸਾਬਿਤ ਕੀਤਾ ਜਾ ਸਕਦਾ ਹੋਵੇ ਤਾਂ ਇਕ ਬੇਵਿਸ਼ਵਾਸੇ ਵੱਲੋਂ ਦਿੱਤੀ ਗਈ ਇਹ ਜ਼ਬਰਦਸਤ ਗਵਾਹੀ ਯਿਸੂ ਦੇ ਮੁੜ ਜ਼ਿੰਦਾ ਹੋਣ ਦੀ ਹਮਾਇਤ ਕਰਦੀ ਹੈ। ਇਸ ਲਾਸ਼ ਦੇ ਮੁੜ ਜ਼ਿੰਦਾ ਹੋਣ ਦੀ ਗੱਲ ਦਾ ਸੁਰਗੀ ਦਰਸ਼ਨ ਬੇਤੁਕਾ ਅਤੇ ਤਰਕਹੀਨ ਲਗਦਾ ਹੈ। ਭਲਾ ਪੌਲੁਸ ਦੇ ਦਾਅਵੇ ਵਿਚ ਮੰਨਣ ਵਾਲੀ ਕੋਈ ਗੱਲ ਹੈ?

### ਇਕ ਵਹਿਮ?

ਕੀ ਪੌਲੁਸ ਵਹਿਮ ਦਾ ਸ਼ਿਕਾਰ ਸੀ? ਜਦ ਤਕ ਇਹ ਧਿਆਨ ਨਹੀਂ ਕੀਤਾ ਜਾਂਦਾ ਕਿ ਪੌਲੁਸ ਕਿੰਨਾ ਮਜ਼ਬੂਤ ਇਰਾਦੇ ਵਾਲਾ ਅਤੇ ਕਿੰਨਾ ਸਖ਼ਤ ਦਿਲ ਆਦਮੀ ਸੀ ਤਦ ਤਕ ਇੰਜ ਹੀ ਲਗਦਾ ਹੈ। ਮਨੋਵਿਗਿਆਨਕ ਆਖਦੇ ਹਨ ਕਿ ਵਹਿਮ ਆਮ ਤੌਰ 'ਤੇ ਕਿਸੇ ਦੇ ਸੁਝਾਅ ਨਾਲ ਹੁੰਦਾ ਹੈ। ਪਰ ਇਸ ਘਟਨਾ ਵਿਚ ਪੌਲੁਸ ਦੇ ਦਿਮਾਗ ਵਿਚ ਕਿਸੇ ਵੀ ਤਰ੍ਹਾਂ ਦਾ ਸੁਝਾਅ ਯਿਸੂ ਨੂੰ ਵੇਖਣ ਦੇ ਉਲਟ ਹੀ ਹੋਵੇਗਾ। ਉਹ ਯਿਸੂ ਦੇ ਨਾਂ ਤੋਂ ਹੀ ਨਫ਼ਰਤ ਕਰਦਾ ਸੀ। ਉਹਨੂੰ ਇਕ ਫ਼ਰੇਬੀ ਮੰਨਦਾ ਸੀ ਅਤੇ ਯਿਸੂ ਦੇ ਪੈਰੋਕਾਰਾਂ ਨੂੰ ਲੱਭ-ਲੱਭ ਕੇ ਬੰਨ੍ਹਣ, ਕੈਦੀ ਬਣਾਉਣ ਅਤੇ ਉਨ੍ਹਾਂ ਨੂੰ ਕਤਲ ਕਰਨ ਲਈ ਜਾ ਰਿਹਾ ਸੀ। ਨਹੀਂ, ਮਨੋਵਿਗਿਆਨਕ ਪੱਖੋਂ ਪੌਲੁਸ ਦਾ ਯਿਸੂ ਨੂੰ ਵੇਖਣ ਦਾ ਕੋਈ ਖ਼ਿਆਲ ਨਹੀਂ ਸੀ। ਪੌਲੁਸ ਦੇ ਮਾਮਲੇ ਵਿਚ ਵਿਸ਼ਵਾਸ ਕਰਨ ਦੇ ਅਨੁਭਵ ਦੀ

ਗੱਲ ਦਾ ਕੋਈ ਅਰਥ ਨਹੀਂ ਹੈ।

**ਦਿਮਾਗ਼ੀ ਗੜਬੜ?**

ਜੇ ਦਮਿਸ਼ਕ ਦੇ ਰਾਹ ਦੇ ਪੌਲੁਸ ਦੇ ਅਨੁਭਵ ਨੂੰ ਮਨ ਦਾ ਵਹਿਮ ਜਾਂ ਸੁਝਾਅ ਦੀ ਸ਼ਕਤੀ ਨਾ ਕਿਹਾ ਜਾਵੇ ਤਾਂ ਕੀ ਬਹੁਤਾ ਪੜ੍ਹਨ ਨਾਲ ਉਹ ਪਾਗਲ ਹੋ ਗਿਆ ਸੀ? ਫ਼ੇਸਤੁਸ ਨੇ ਤਾਂ ਇਹੀ ਨਿਚੋੜ ਕੱਢਿਆ ਸੀ (ਰਸੂਲਾਂ ਦੇ ਕੰਮ 26:24)। ਪਾਗਲ ਆਦਮੀ ਦਾ ਦੁਨੀਆਂ ਦੀਆਂ ਬੇਹਤਰੀਨ ਤੇਰਾਂ-ਚੌਦਾਂ ਕਿਤਾਬਾਂ ਲਿਖਣਾ ਬੁੱਧਵਾਨਾਂ ਲਈ ਚੰਗਾ ਸੰਕੇਤ ਨਹੀਂ ਹੈ! ਅਜਿਹੀ ਕਿਸੇ ਦਿਮਾਗ਼ੀ ਬੀਮਾਰੀ ਬਾਰੇ ਨਹੀਂ ਸੁਣਿਆ ਜੋ ਯਿਸੂ ਦੇ ਬਾਅਦ ਕਿਸੇ ਹੋਰ ਨੂੰ ਸਹੀ ਜ਼ਿੰਦਗੀ ਜੀਣ ਦੀ ਪ੍ਰੇਰਣਾ ਦਿੰਦੀ ਹੋਵੇ। ਜੇ ਫੇਸਤੁਸ ਸਹੀ ਸੀ ਤਾਂ ਅੱਜ ਸਾਨੂੰ ਐਹੇ ਜਿਹੇ ਬਹੁਤ ਪਾਗਲਾਂ ਦੀ ਲੋੜ ਹੈ। ਦਿਨ ਦੀ ਰੌਸ਼ਨੀ ਵਿਚ ਹਾਈਵੇ ਤੇ ਕਥਿਤ ਦਰਸ਼ਨ ਨੂੰ ਜੋ ਵੀ ਆਖਿਆ ਜਾਵੇ, ਪਰ ਪੌਲੁਸ ਦੇ ਮਾਮਲੇ ਵਿਚ ਉਹਨੂੰ ਸਨਕੀ ਆਖਣਾ ਚੰਗੀ ਗੱਲ ਨਹੀਂ ਲਗਦੀ।

**ਇਕ ਮਸੀਹੀ ਫ਼ਰੇਬ?**

ਜੋ ਕੁਝ ਪੌਲੁਸ ਨੇ ਵੇਖਿਆ, ਜੇ ਉਹਨੂੰ ਵਹਿਮ ਅਤੇ ਪਾਗਲਪਨ ਨਾ ਕਿਹਾ ਜਾਵੇ ਤਾ ਹੋਰ ਕੀ ਹੈ? ਭਲਾ ਪੌਲੁਸ ਮਸੀਹੀ ਲੋਕਾਂ ਦੇ ਫ਼ਰੇਬ ਵਿਚ ਆ ਗਿਆ ਸੀ? ਮਸੀਹੀ ਲੋਕਾਂ ਦੇ ਖ਼ਿਲਾਫ਼ ਅਜਿਹਾ ਸੁਝਾਅ ਵੀ ਉਨਾਂ ਦੀ ਬੇਇੱਜ਼ਤੀ ਹੋਵੇਗੀ, ਕਿਉਂਕਿ ਉਹ ਕਿਸੇ ਨਾਲ ਧੋਖਾ ਨਹੀਂ ਕਰਦੇ ਸਨ। ਉਨ੍ਹਾਂ ਦਾ ਮਕਸਦ ਉਹਦੇ ਮਗਰ ਚੱਲਣਾ ਸੀ ਜਿਹਨੇ ਸੱਚ ਹੋਣ ਦਾ ਦਾਅਵਾ ਕੀਤਾ ਸੀ (ਯੂਹੰਨਾ 14:6)।

ਫਿਰ ਜੇ ਕੋਈ ਮਸੀਹੀ ਪੌਲਸ ਨੂੰ ਗੁਮਰਾਹ ਕਰਨ ਦੀ ਕੋਸ਼ਿਸ ਵੀ ਕਰਦਾ ਤਾਂ ਇਸ ਜ਼ਿੱਦੀ ਆਦਮੀ ਨੇ ਉਹਦੀ ਗੱਲ ਤੇ ਗੌਰ ਨਹੀਂ ਕਰਨਾ ਸੀ। ਉਹਨੇ ਇਸਤੀਫ਼ਾਨ ਤੇ ਪਥਰਾਅ ਕਰਨ ਵਾਲਿਆਂ ਦੇ ਕੱਪੜਿਆਂ ਦੀ ਰਾਖੀ ਕੀਤੀ ਸੀ, ਅਤੇ ਹੋਰਨਾਂ ਮਸੀਹੀ ਲੋਕਾਂ ਦੇ ਮਾਰੇ ਜਾਣ ਦਾ ਵੀ ਗਵਾਹ ਸੀ। ਇਹਦੇ ਇਲਾਵਾ ਉਸ ਕਥਿਤ ਘਟਨਾ ਦੇ ਵਾਪਰਣ ਵੇਲੇ ਪੌਲੁਸ ਦੇ ਨਾਲ ਕੋਈ ਮਸੀਹੀ ਨਹੀਂ ਸੀ।

**ਇਰਾਦਤਨ ਬੋਲਿਆ ਕਿਆ ਝੂਠ?**

ਭਲਾ ਇਹ ਮੰਨਣ ਵਿਚ ਆਉਂਦਾ ਹੈ ਕਿ ਪੌਲੁਸ ਨੇ ਇਕ ਸੁਰਗੀ ਦਰਸ਼ਣ ਦੀ ਕਹਾਣੀ ਆਪੇ ਬਣਾਈ ਹੋਵੇ? ਜਦ ਕੋਈ ਇਸ ਤੇ ਵਿਚਾਰ ਕਰਦਾ ਹੈ ਕਿ ਪੌਲੁਸ ਨੂੰ ਝੂਠ ਬੋਲਣ ਕਰਕੇ ਕੀ ਗੁਆਉਣਾ ਪਿਆ ਸੀ ਤਾਂ ਉਹ ਇਸ ਥਿਉਰੀ ਤੋਂ ਪਿੱਛੇ ਹਟ ਜਾਂਦਾ ਹੈ: (1) ਉਹਦਾ ਭਵਿੱਖ ਖ਼ਤਮ ਹੋ ਗਿਆ ਸੀ। ਮਸੀਹੀ ਬਨਣ ਤੋਂ ਪਹਿਲਾਂ ਉਹ ਇਸਰਾਏਲ ਦੇ ਮਸ਼ਹੂਰ ਉਸਤਾਦ ਗਮਲੀਏਲ ਵਾਂਗ ਇਕ ਮਸ਼ਹੂਰ ਰੱਬੀ ਬਣਨ ਵਾਲਾ ਸੀ। ਮਸੀਹੀ ਬਣ ਕੇ ਉਹਨੇ ਉਸ ਮੌਕੇ ਨੂੰ ਹੱਥੋਂ ਗੁਆ ਦਿੱਤਾ। (2) ਆਪਣੇ ਪਰਿਵਾਰ ਅਤੇ ਇਸਰਾਏਲ ਵਿਚ ਆਪਣੇ ਰਿਸ਼ਤੇਦਾਰਾਂ ਨਾਲ ਜਿਨ੍ਹਾਂ ਨੂੰ ਉਹ ਬਹੁਤ ਪਿਆਰ ਕਰਦਾ ਸੀ, ਉਹਦੇ ਰਿਸ਼ਤੇ ਖ਼ਰਾਬ ਹੋ ਗਏ ਸਨ (ਰੋਮੀਆਂ 9:1-3; ਵੇਖੋ 10:1, 2)। ਉਹ ਹੁਣ ਉਹਦੀ ਜ਼ਿੰਦਗੀ ਅਰਾਮਦਾਇਕ ਨਹੀਂ ਸੀ, ਕਿਉਂਕਿ ਜਿਹੜਾ ਪਹਿਲਾਂ ਦੂਜਿਆਂ ਨੂੰ ਸਤਾਉਂਦਾ ਸੀ, ਹੁਣ ਆਪੇ ਸਤਾਇਆ ਜਾ ਰਿਹਾ ਸੀ, ਜਦ ਤਕ ਕਿ ਉਹ ਸ਼ਹੀਦ ਨਹੀਂ ਹੋ ਗਿਆ।[1] ਨਹੀਂ ਦਮਿਸ਼ਕ ਦੇ ਰਾਹ ਦੀ ਘਟਨਾ ਮਨਘੜਤ ਹੋਣ ਦੀ ਵਿਆਖਿਆ ਸੰਤੋਸ਼ਜਨਕ ਨਹੀਂ ਹੋ ਸਕਦੀ।

### ਮਸੀਹ ਨਾਲ ਮੁਲਾਕਾਤ?

ਉਪਰ ਦਿੱਤੇ ਚਾਰ ਬਦਲਾਂ ਦੇ ਇਲਾਵਾ ਲੋਕ ਹੋਰ ਬਦਲ ਵੀ ਲੱਭਦੇ ਰਹਿੰਦੇ ਹਨ, ਪਰ ਉਨ੍ਹਾਂ ਨੂੰ ਪਤਾ ਲਗਦਾ ਹੈ ਕਿ ਦੂਜਾ ਬਦਲ ਸਿਰਫ਼ ਇਹੀ ਹੈ ਕਿ ਪੌਲੁਸ ਨਾਲ ਜੋ ਕੁਝ ਹੋਇਆ ਉਹਦੇ ਬਾਰੇ ਬਿਲਕੁਲ ਸਹੀ ਕਿਹਾ ਸੀ। ਸਰ ਜੌਰਜ ਲਿਟਲਟਨ (1709-73) ਨੂੰ ਪਹਿਲਾਂ ਲਗਦਾ ਸੀ ਕਿ ਪੌਲੁਸ ਦੀ ਗਵਾਹੀ ਬੇਤੁਕੀ ਕਹਾਣੀ ਵਾਂਗ ਹੈ। ਉਹਨੇ ਲਿਖਿਆ:

> (ਰਸੂਲ ਪੌਲੁਸ) ਜਾਂ ਤਾਂ ਇਕ ਧੋਖੇਬਾਜ਼ ਸੀ, ਜਿਸਨੇ ਧੋਖਾ ਦੇਣ ਦੀ ਨੀਅਤ ਨਾਲ ਉਹ ਕਿਹਾ ਜੋ ਉਹਨੂੰ ਪਤਾ ਸੀ ਕਿ ਝੂਠ ਹੈ; ਜਾ ਉਹ ਇਕ ਜੋਸ਼ੀਲਾ ਆਦਮੀ ਸੀ ਜੋ ਆਪਣੀ ਕਲਪਨਾ ਦੇ ਵੱਸ ਵਿਚ ਹੋ ਗਿਆ ਸੀ; ਜਾਂ ਉਹ ਦੂਜਿਆਂ ਦੇ ਧੋਖੇ ਵਿਚ ਆ ਗਿਆ ਸੀ, ਅਤੇ ਜੋ ਕੁਝ ਵੀ ਉਹਨੇ ਕਿਹਾ ਉਸ ਸਭ ਨੂੰ ਧੋਖੇ ਦੀ ਸ਼ਕਤੀ ਕਿਹਾ ਜਾਣਾ ਚਾਹਿਦਾ ਹੈ; ਜਾਂ ਜਿਸਨੂੰ ਉਹਨੇ ਆਪਣੀ ਮਨਬਦਲੀ ਦਾ ਕਾਰਣ ਅਤੇ ਇਹਦਾ ਨਤੀਜਾ ਦੱਸਿਆ, ਸਚਮੁਚ ਅਜਿਹਾ ਹੀ ਹੋਇਆ ਸੀ; ਅਤੇ ਇਸ ਕਰਕੇ ਮਸੀਹੀ ਧਰਮ ਇਕ ਇਲਾਹੀ ਮੁਕਾਸ਼ਫ਼ਾ ਹੈ।[2]

ਪੂਰੀ ਤਰ੍ਹਾਂ ਨਾਲ ਪੌਲੁਸ ਦੀ ਜ਼ਿੰਦਗੀ ਅਤੇ ਉਹਦੀਆਂ ਗੱਲਾਂ ਦੀ ਪੜਤਾਲ ਅਤੇ ਹੋਰ ਵਿਆਖਿਆ ਕਰਨ ਦੇ ਬਾਅਦ ਲਿਟਲਟਨ ਨੇ ਨਿਚੋੜ ਕੱਢਿਆ ਕਿ ਕੁਝ ਪੌਲੁਸ ਨੇ ਦੱਸਿਆ, ਉਹ ਸੱਚ ਹੈ।

### ਸਾਰ

ਪੁਰਾਣੇ ਨੇਮ ਦੇ ਨਬੀਆਂ ਲਈ ਮਸੀਹਾ ਦੇ ਧਰਤੀ ਤੇ ਉਤਰ ਕੇ ਆਉਣ ਬਾਰੇ ਜਾਣਨ ਲਈ ਐਨੀਆਂ ਵਿਸਥਾਰ ਸਹਿਤ ਗੱਲਾਂ ਲਈ ਚਮਤਕਾਰੀ ਗਿਆਨ ਜ਼ਰੂਰੀ ਸੀ। ਉਹਦੀਆਂ ਨਬੂਵਤਾਂ ਉਹਦੇ ਆਉਣ ਤੋਂ ਸੈਂਕੜੇ ਸਾਲ ਪਹਿਲਾਂ ਲਿਖੀਆਂ ਜਾ ਚੁਕੀਆਂ ਸਨ। ਮਸੀਹਾ ਹੋਣ ਦਾ ਦਾਅਵਾ ਕਰਨ ਵਾਲੇ ਇਕ ਸ਼ਖਸ ਦਾ ਜਨਮ ਅਮਲ 'ਚ ਅਗਸਤੁਸ ਕੈਸਰ (31ਈ.ਪੂ-14ਈ.) ਦੇ ਸਮੇਂ ਬੈਤਲਹਮ ਵਿਚ ਹੋਇਆ ਸੀ ਅਤੇ ਰਾਜਪਾਲ ਪੋਂਤੁਸ ਪਿਲਾਤੁਸ ਨੇ ਆਪਣੀ ਹਕੂਮਤ ਦੌਰਾਨ ਉਹਦੇ ਮਰਨ ਦੀ ਤਸਦੀਕ ਕੀਤੀ ਸੀ।

ਉਹਦੇ ਦਾਅਵੇ ਦੀ ਤਸਵੀਰ ਦੇ ਰੂਪ ਵਿਚ ਉਹਦੇ ਮਸ਼ਹੂਰ ਮੋਅਜਜ਼ਿਆਂ ਦੇ ਇਲਾਵਾ, ਉਹਦੀ ਜ਼ਿੰਦਗੀ ਦੇ ਢੰਗ ਤੋਂ ਵੀ ਉਹਦੀ ਸੱਚਾਈ ਸਾਬਿਤ ਹੋਈ। ਉਹ ਦੀਨਤਾ ਦੀ ਮੂਰਤ ਸੀ, ਦੂਜਿਆਂ ਲਈ ਜੀਣ ਵਿਚ ਨਿਰਸੁਆਰਥ ਸੀ ਅਤੇ ਆਪਣੇ ਪਿਤਾ ਦੀ ਮਰਜ਼ੀ ਪੂਰੀ ਕਰਨ ਤੋਂ ਇਲਾਵਾ ਉਹਦੀ ਆਪਣੀ ਕੋਈ ਖ਼ਾਹਸ਼ ਨਹੀਂ ਸੀ। ਯਿਸੂ ਵਾਂਗ ਅੱਜ ਤਕ ਕੋਈ ਗੱਲਾਂ ਨਹੀਂ ਕਰ ਸਕਿਆ ਹੈ ਅਤੇ ਨਾ ਹੀ ਕਦੇ ਕਿਸੇ ਆਦਮੀ ਦੀ ਜ਼ਿੰਦਗੀ ਉਹਦੇ ਵਰਗੀ ਹੋਈ ਹੈ। ਲੋਕਾਂ ਲਈ ਖ਼ੁਦਾ ਹੋਣ ਦੇ ਸਬੰਧ ਵਿਚ, ਉਹਦਾ ਚਾਲ-ਚਲਣ ਅਜਿਹਾ ਸੀ ਜਿਦਾਂ ਖ਼ੁਦਾ ਦਾ ਹੋਣ ਦੀ ਉਮੀਦ ਕੀਤੀ ਜਾ ਸਕਦੀ ਸੀ।

ਕਈ ਬੇਵਿਸ਼ਵਾਸੇ ਇਸ ਗੱਲ ਨੂੰ ਦਿਲੋਂ ਮੰਨਣ ਲਗ ਪਏ ਸਨ ਕਿ ਯਿਸੂ ਜੀ ਉੱਠਿਆ ਹੈ ਅਤੇ ਮੌਤ ਦਾ ਉਹਦੇ 'ਤੇ ਕੋਈ ਵੱਸ ਨਹੀਂ ਰਿਹਾ ਹੈ। ਉਨ੍ਹਾਂ ਨੇ ਇਹ ਅਚਾਨਕ ਹੀ ਨਹੀਂ ਮੰਨਿਆ ਸੀ ਅਤੇ ਉਨ੍ਹਾਂ ਲਈ ਇਹ ਐਨਾ ਮਜ਼ਬੂਤ ਅਤੇ ਅਰਥ ਭਰਿਆ ਸੀ ਕਿ ਉਹ ਆਪਣੇ ਜਲਾਲੀ ਸਿੱਧ ਵਿਸ਼ਵਾਸ ਦੇ ਪ੍ਰਚਾਰਕ ਬਣ ਗਏ ਸਨ। ਜੋ ਕੁਝ ਉਨ੍ਹਾਂ ਪ੍ਰਚਾਰ ਕੀਤਾ ਉਸ ਨੂੰ

ਉਨ੍ਹਾਂ ਨੇ ''ਇੰਜੀਲ'' ਜਾਂ ''ਖੁਸ਼ਖਬਰੀ'' ਆਖਿਆ। ਉਨ੍ਹਾਂ ਹਜ਼ਾਰਾਂ ਲੋਕਾਂ ਨੂੰ ਆਪਣੇ ਇਸ ਵਿਸ਼ਵਾਸ ਨੂੰ ਮੰਨਣ ਲਈ ਦੱਸਿਆ ਕਿ ਖ਼ੁਦਾ ਆਇਆ ਸੀ ਅਤੇ ਮਨੁੱਖ ਬਣ ਕੇ ਮਨੁੱਖਾਂ ਦੇ ਦਰਮਿਆਨ ਰਿਹਾ ਸੀ।

---

ਟਿੱਪਣੀਆਂ

[1]ਪੜ੍ਹੋ ਰਸੂਲਾਂ ਦੇ ਕੰਮ 9:23, 29; 14:19; 16:23; 21:13, 30; 23:13; 2 ਤਿਮੋਥੀਉਸ 4:7, 8. [2]*ਲੌਡ ਲਿਟਲਟਨ ਆਨ ਦ ਕਨਵਰਸ਼ਨ ਆਫ਼ ਸੇਂਟ ਪੌਲ ਐਂਡ ਗਿਲਬਰਟ ਵੈਸਟ ਆਨ ਦ ਰਿਜ਼ਰਕਸ਼ਨ ਆਫ਼ ਜੀਜ਼ਸ ਕ੍ਰਾਈਸਟ* (ਨਿਊ ਯਾਰਕ: ਅਮੈਰੀਕਨ ਟ੍ਰੈਕਟ ਸੋਸਾਇਟੀ, 1929), 468.

---

## ਯਿਸੂ ਦਾ ਖ਼ੁਦਾ ਹੋਣਾ ਅਤੇ ਬਾਈਬਲ ਦੀ ਪ੍ਰੇਰਣਾ

ਜੇ ਸਬੂਤ ਨਾਲ ਯਿਸੂ ਦਾ ਖ਼ੁਦਾ ਹੋਣਾ ਸਾਬਿਤ ਹੋ ਜਾਂਦਾ ਹੈ ਤਾਂ ਬਾਈਬਲ ਦਾ ਖ਼ੁਦਾ ਵੱਲੋਂ ਹੋਣਾ ਵੀ ਸਾਬਿਤ ਹੋ ਜਾਂਦਾ ਹੈ। ਇਹ ਸੱਚ ਹੈ ਕਿਉਂਕਿ ਯਿਸੂ ਨੇ ਪੁਰਾਣੇ ਨੇਮ ਦੀ ਪੈਰਵੀ ਕੀਤੀ ਅਤੇ ਉਹਦੇ ਅਖ਼ਤਿਆਰ ਨਾਲ ਉਹਦੇ ਚੇਲਿਆਂ ਨੇ ਨਵਾਂ ਨੇਮ ਲਿਖਿਆ। ਜੇ ਉਹਦੀਆਂ ਗੱਲਾਂ ਯਕੀਨ ਨਾ ਆਉਣ ਵਾਲੀਆਂ ਹਨ ਤਾਂ ਯਿਸੂ ਦੀ ਕਹਾਣੀ ਇਨ੍ਹਾਂ ਲੋਕਾਂ ਰਾਹੀਂ ਨਹੀਂ ਬਣਾਈ ਜਾ ਸਕਦੀ ਸੀ, ਅਤੇ ਜੇ ਉਹ ਯਿਸੂ ਦੀ ਕਹਾਣੀ ਬਣਾ ਸਕਦੇ ਅਤੇ ਅਜਿਹਾ ਕਰਨ ਦੀ ਚਾਲ-ਚੱਲਣ ਵਾਲੇ ਲੋਕ ਨਹੀਂ ਸਨ, ਤਾਂ ਯਿਸੂ ਦਾ ਖ਼ੁਦਾ ਹੋਣਾ ਬਰਕਰਾਰ ਰਹਿੰਦਾ ਹੈ। ਯਿਸੂ ਖ਼ੁਦਾ ਹੈ ਤਾਂ ਨਵੇਂ ਨੇਮ ਦੀਆਂ ਕਿਤਾਬਾਂ ਵੀ ਜੋ ਉਹਦੇ ਅਖ਼ਤਿਆਰ ਨਾਲ ਲਿਖੀਆਂ ਗਈਆਂ ਹਨ, ਖ਼ੁਦਾ ਦੀ ਪ੍ਰੇਰਣਾ ਤੋਂ ਹਨ।